20.11.1999

# ਨਾਟਕ ਦੇ ਵਿਸ਼ਿਆਂ ਦੀ ਚੋਣ ਬਾਰੇ ਖੁੱਲ੍ਹ ਕੇ ਗੱਲ ਕਰਨ ਦੀ ਲੋੜ

20-11-99

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਇਸ ਵੇਲੇ ਨਾਟਕ ਕਲਾ ਖੇਤਰ ਵਿਚ ਵੀ ਅਤੇ ਲੋਕਾਂ ਵਿਚ ਵੀ ਆਪਣੀ ਥਾਂ ਬਣਾ ਚੁੱਕਿਆ ਹੈ। ਨਵੰਬਰ ਦਾ ਮਹੀਨਾ ਤਾਂ ਖਾਸ ਸਰਗਰਮੀਆਂ ਦਾ ਮਹੀਨਾ ਕਿਹਾ ਜਾ ਸਕਦਾ ਹੈ। ਪਹਿਲੀ ਨਵੰਬਰ ਗ਼ਦਰੀ ਬਾਬਿਆਂ ਦੇ ਮੇਲੇ ਸਮੇਂ ਵੱਡੀ ਗਿਣਤੀ ਵਿਚ ਨਾਟਕ ਖੇਡੇ ਗਏ। ਦਿੱਲੀ ਵਿਚ ਪੰਜਾਬੀ ਅਕੈਡਮੀ ਦਾ ਸਾਲਾਨਾ ਨਾਟਕ ਮੇਲਾ ਕੀਤਾ ਗਿਆ। ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਨਾਟਕ ਮੇਲੇ ਵੀ ਇਸੇ ਮਹੀਨੇ ਹੋ ਰਹੇ ਹਨ। ਪਲਸ ਮੰਚ ਵਲੋਂ ਇਲਾਕਾਈ ਨਾਟਕ ਮੇਲੇ ਵੀ ਹੋ ਰਹੇ ਹਨ। ਇਹ ਮੁੱਲਾਂਪੁਰ (13 ਨਵੰਬਰ), ਲਾਂਦੜਾ (14 ਨਵੰਬਰ), ਸਰਾਭਾ (16 ਨਵੰਬਰ), ਆਨੰਦਪੁਰ ਸਾਹਿਬ (20 ਨਵੰਬਰ), ਅਰਨੀਵਾਲ (27 ਨਵੰਬਰ), ਫਗਵਾੜਾ (11 ਦਸੰਬਰ), ਮੁਰਿੰਡਾ (18 ਦਸੰਬਰ) ਵਿਚ ਹਨ। ਇਸ ਤੋਂ ਇਲਾਵਾ ਸਿਆਸੀ ਕਾਨਫਰੰਸਾਂ ਵਿਚ ਵੀ ਨਾਟਕ ਮੇਲੇ ਸ਼ਾਮਲ ਹਨ। ਇਨ੍ਹਾਂ ਨਾਟਕ ਮੇਲਿਆਂ ਦੇ ਆਪਣੇ ਆਪਣੇ ਰੂਪ ਹਨ ਅਤੇ ਉਦੇਸ਼ ਹਨ। ਇਸ ਸੰਦਰਭ ਵਿਚ ਵਿਸ਼ਿਆਂ ਦੀ ਚੋਣ ਅਤੇ ਨਾਟਕ ਦੇ ਸੁਨੇਹੇ ਬਾਰੇ ਕਾਫੀ ਵਾਦ-ਵਿਵਾਦ ਹੈ। ਇਸ ਬਾਰੇ ਖੁੱਲ੍ਹ ਕੇ ਗੱਲ ਕਰਨੀ ਬਣਦੀ ਹੈ ਕਿਉਂਕਿ ਨਾਟਕ ਦੇ ਵਿਕਾਸ ਦੇ ਸਬੰਧ ਵਿਚ ਕੁਝ ਗੱਲਾਂ ਦਾ ਨਿਤਾਰਾ ਕਰਨਾ ਜ਼ਰੂਰੀ ਹੈ।

ਇਹ ਤਾਂ ਸਾਫ ਹੈ ਕਿ ਸਿਆਸੀ ਕਾਨਫਰੰਸਾਂ ਸਮੇਂ ਕੀਤੇ ਜਾਣ ਵਾਲੇ ਨਾਟਕ ਉਹੀ ਹੋਣਗੇ ਜਿਨ੍ਹਾਂ ਦਾ ਵਿਚਾਰਧਾਰਕ ਸੁਨੇਹਾ ਉਹੀ ਹੋਵੇਗਾ ਜੋ ਉਸ ਸਿਆਸੀ ਕਾਨਫਰੰਸ ਦੇ ਅਨੁਕੂਲ ਹੋਵੇ। ਕਿਸਾਨਾਂ ਦੀ ਮੰਡੀਆਂ ਵਿਚ ਲੁੱਟ ਹੋ ਰਹੀ ਹੈ, ਇਹ ਇਕ ਸਥਾਪਤ ਸਚਾਈ ਹੈ। ਜੇ ਇਹ ਲੁੱਟ ਨਾ ਹੋਵੇ ਤਾਂ ਕੋਈ ਵਜ੍ਹਾ ਨਹੀਂ ਕਿ ਮੰਡੀਆਂ ਵਿਚ ਆੜ੍ਹਤੀਆਂ ਦੀਆਂ ਬਿਲਡਿੰਗਾਂ ਉਤੇ ਬਿਲਡਿੰਗਾਂ ਬਣਦੀਆਂ ਜਾਣ ਅਤੇ ਕਿਸਾਨ ਕਰਜ਼ਿਆਂ ਦੇ ਥੱਲੇ ਦਬਦਾ ਜਾਏ। ਅੱਗੋਂ ਇਹ ਵੀ ਇਕ ਸਥਾਪਤ ਸਚਾਈ ਹੈ ਕਿ ਪਿੰਡਾਂ ਵਿਚ ਧਨੀ ਕਿਸਾਨਾਂ ਦੀਆਂ ਕੋਠੀਆਂ ਉਤੇ ਕੋਠੀਆਂ ਬਣਦੀਆਂ ਜਾ ਰਹੀਆਂ ਹਨ ਅਤੇ ਮਜ਼ਦੂਰਾਂ ਦੇ ਵਿਹੜਿਆਂ ਦੀ ਹਾਲਤ ਉਸੇ ਤਰ੍ਹਾਂ ਹੈ।

ਹੁਣ ਜਿਹੜੀ ਵਿਚਾਰਧਾਰਾ ਸਮਾਜਿਕ ਨਿਆਂ ਬਾਰੇ ਵਚਨਬੱਧ ਹੈ, ਜਾਂ ਜਿਹੜੇ ਸਾਹਿਤਕਾਰ ਜਾਂ ਨਾਟਕਕਾਰ ਇਸ ਵਿਚਾਰਧਾਰਾ ਦੇ ਧਾਰਨੀ ਹਨ, ਉਨ੍ਹਾਂ ਨੇ ਨਾਟਕਾਂ ਦੇ ਵਿਸ਼ਿਆਂ ਦੀ ਚੋਣ ਵੇਲੇ ਇਨ੍ਹਾਂ ਸਚਾਈਆਂ ਨੂੰ ਸੰਬੋਧਨ ਹੋਣਾ ਹੀ ਹੋਣਾ ਹੈ। ਲੋਕਾਂ ਨੂੰ ਇਹ ਹਾਲਤ ਬਦਲਣ ਲਈ ਸੰਘਰਸ਼ ਵਾਸਤੇ ਸੁਨੇਹਾ ਦੇਣਾ ਹੀ ਦੇਣਾ ਹੈ। ਇਹ ਗੱਲ ਸਾਡੇ ਕੁਝ ਨਾਟਕਕਾਰਾਂ ਨੂੰ ਨਾਅਰੇਬਾਜ਼ੀ ਲਗਦੀ ਹੈ। ਇਹ ਲਗਣੀ ਹੀ ਚਾਹੀਦੀ ਹੈ ਕਿਉਂਕਿ ਉਹ ਸਮਝਦੇ ਹਨ ਕਿ ਸਮਾਜ ਦੀ ਲਾਪ੍ਰਵਾਹੀ ਵਾਲੀ ਆਰਥਕ ਵੰਡ ਉਨ੍ਹਾਂ ਦਾ ਫਿਕਰ ਨਹੀਂ। ਉਨ੍ਹਾਂ ਦੀ ਇਸ ਸੋਚ ਉਤੇ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ ਪਰ ਇਤਰਾਜ਼ ਉਸ ਵੇਲੇ ਹੁੰਦਾ ਹੈ ਜਦੋਂ ਉਹ ਸੁਨੇਹਾ ਦੇਣ ਵਾਲੇ ਨਾਟਕ ਨੂੰ ਸਿਰਫ ਮੁੱਕਾ ਵੱਟਣਾ ਹੀ ਸਮਝ ਕੇ ਆਪਣੀ ਉੱਤਮਤਾ ਦੱਸਣ ਦਾ ਯਤਨ ਕਰਦੇ ਹਨ ਅਤੇ ਦੂਜਿਆਂ ਨੂੰ ਛੁਟਿਆਉਂਦੇ ਹਨ।

ਇਸੇ ਤਰ੍ਹਾਂ ਦੀ ਪਹੁੰਚ ਔਰਤਾਂ ਦੇ ਮਸਲੇ ਬਾਰੇ ਵੀ ਹੈ। ਇਹ ਵੀ ਸਾਡੇ ਸਮਾਜ ਦੀ ਇਕ ਸਥਾਪਤ ਸਚਾਈ ਹੈ ਕਿ ਸਾਡੀ ਇਹ ਪੰਜਾਹ ਫੀਸਦੀ ਆਬਾਦੀ ਮਰਦਾਂ ਦੇ ਮੁਕਾਬਲੇ ਉਤੇ ਬਹੁਤ ਸਾਰੇ ਮਨੁੱਖੀ ਹੱਕਾਂ ਤੋਂ ਵਾਂਝੀ ਹੈ। ਇਸ ਦਾ ਅਹਿਸਾਸ ਉਨ੍ਹਾਂ ਨੂੰ ਆਪ ਵੀ ਨਹੀਂ। ਉਹ ਬੜੀ ਹੀ ਪਛੜੀ ਹਾਲਤ ਵਿਚ ਜਿਊਂ ਰਹੀਆਂ ਹਨ। ਇਹਦਾ ਸਬੂਤ ਹੁਣੇ ਹੋਈ ਉਤਰ ਪ੍ਰਦੇਸ਼ ਦੇ ਇਕ ਪਿੰਡ ਵਿਚ ਇਕ ਔਰਤ ਦੇ ਸਤੀ ਹੋਣ ਦੀ ਘਟਨਾ ਨੂੰ ਔਰਤਾਂ ਹੀ ਵਡਿਆ ਰਹੀਆਂ ਹਨ। ਸਤੀ ਹੋਣ ਵਾਲੀ ਔਰਤ ਅਤੇ ਜਿਥੇ ਉਹ ਸਤੀ ਹੋਈ ਹੈ, ਉਹ ਥਾਂ ਪੂਜਾ ਯੋਗ ਕਰਾਰ ਦਿੱਤੀ ਜਾ ਰਹੀ ਹੈ।

ਇਹ ਘਟਨਾ ਜਿਥੇ ਨਿੰਦਣਯੋਗ ਹੈ, ਉਥੇ ਇਹ ਵਿਸ਼ਲੇਸ਼ਣ ਦੀ ਮੰਗ ਵੀ ਕਰਦੀ ਹੈ ਕਿ ਔਰਤ ਲਈ ਜੇ ਇਸ ਸਮਾਜ ਵਿਚ ਪਤੀ ਤੇ ਸਿਰਫ ਪਤੀ ਹੀ ਜੀਣ ਦਾ ਇਕ ਬਹਾਨਾ ਹੈ ਤਾਂ ਸਤੀ ਦੇ ਸਿਵਾ ਉਹ ਕਿਉਂ ਨਹੀਂ ਕੋਈ ਹੋਰ ਰਾਹ ਦੇਖਦੀ। ਸਮਕਾਲੀ ਘਟਨਾਵਾਂ ਦਾ ਫੌਰੀ ਪ੍ਰਤੀਕਰਮ ਨਾਟਕਾਂ (ਦ੍ਰਿਸ਼ਕਲਾ) ਦਾ ਜ਼ਰੂਰੀ ਵਿਸ਼ਾ ਹੈ। ਪਰ ਇਸ ਨੂੰ ਜਜ਼ਬਾਤੀ ਜਿਹੀ ਗੱਲ ਆਖ ਕੇ ਚੰਗੇ ਨਾਟਕ ਦੀ ਪਹਿਚਾਣ ਤੋਂ ਦੂਰ ਰੱਖਿਆ ਜਾਂਦਾ ਹੈ। ਅਖੇ ਸਮਕਾਲੀ ਵਿਸ਼ਿਆਂ ਨੂੰ ਸੰਬੋਧਿਤ ਕਲਾ ਸਦੀਵੀ ਨਹੀਂ ਹੁੰਦੀ ਸਗੋਂ ਵਕਤੀ ਹੁੰਦੀ ਹੈ ਤੇ ਛੇਤੀ ਹੀ ਭੁਲਾ ਦਿੱਤੀ ਜਾਂਦੀ ਹੈ। ਬੇਸ਼ਕ ਭੁਲਾ ਦਿੱਤੀ ਜਾਏ, ਪਰ ਜੇ ਉਹ ਹੁਣ ਕੁਝ ਸੁਨੇਹਾ ਦੇਣ ਦੇ ਯੋਗ ਹੈ ਤਾਂ ਉਸ ਦੀ ਦੇਣ ਨੂੰ ਸਵੀਕਾਰ ਕਰਨਾ ਬਣਦਾ ਹੈ। ਨਾ ਇਹ ਨਾਅਰਾ ਹੁੰਦਾ ਹੈ ਅਤੇ ਨਾ ਹੀ ਸਿਰੂਫ ਰੁਦਣ ਹੁੰਦਾ ਹੈ। ਇਹ ਸੁਨੇਹਾ ਦੇਣਾ ਕਲਾ ਦਾ ਕਰਤਵ ਪਾਲਣਾ ਹੁੰਦਾ ਹੈ।

ਨਾਟਕ ਦਾ ਇਕ ਵਿਸ਼ੇਸ਼ ਰੂਪ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਨਾਟਕ ਮੁਕਾਬਲਿਆਂ ਵਿਚ ਉਭਰ ਰਿਹਾ ਹੈ। ਮੁਕਾਬਲੇ ਵਿਚ ਹੋ ਰਹੇ ਨਾਟਕਾਂ ਦਾ ਨਿਰਣਾ ਕਰਨ ਲਈ ਜੱਜਾਂ ਨੂੰ ਜਿਹੜੀ ਨੰਬਰਾਂ ਦੀ ਵੰਡ ਕਰਨ ਲਈ ਨਿਰਣਾ ਸ਼ੀਟ ਦਿੱਤੀ ਜਾਂਦੀ ਹੈ, ਉਹਦੇ ਵਿਚ ਇਹ ਗੱਲ ਹਾਵੀ ਹੁੰਦੀ ਹੈ ਕਿ ਨਾਟਕ ਵਿਚ ਨਾਟਕੀਅਤਾ ਲੱਭੀ ਜਾਏ। ਇਹ ਮੰਗ ਪੂਰੀ ਕਰਨ ਲਈ ਨਾਟਕ ਦੇ ਨਿਰਦੇਸ਼ਕ ਅਜਿਹੇ ਨਾਟਕਾਂ ਦੀ ਚੋਣ ਕਰਦੇ ਹਨ, ਜਿਨ੍ਹਾਂ ਵਿਚ ਯਥਾਰਥ ਤੋਂ ਦੂਰ ਉੱਚੀ ਸੁਰ ਵਾਲੇ ਪਾਤਰ ਹੋਣ। ਬਹੁਤ ਵਾਰੀ ਜੇ ਮੌਲਿਕ ਸਕਰਿਪਟ ਵਿਚ ਇਹ ਪਾਤਰ ਨਾ ਹੋਵੇ ਤਾਂ ਬਦੋਬਦੀ ਪਾਇਆ ਜਾਂਦਾ ਹੈ। ਕੋਈ ਪਾਗਲ ਪਾਤਰ ਪਾ ਲਵੋ ਜਿਸ ਦੇ ਮੂੰਹੋਂ ਜ਼ਿੰਦਗੀ ਦੀਆਂ ਵੱਡੀਆਂ ਸਚਾਈਆਂ ਬਾਰੇ ਵਾਰਤਾਲਾਪ ਗੈਰ-ਕੁਦਰਤੀ ਤਰੀਕੇ ਨਾਲ ਬੁਲਵਾ ਦੇਵੋ (ਦਰਸ਼ਕ ਤਾੜੀਆਂ ਮਾਰਨਗੇ)। ਅਦਾਕਾਰਾਂ ਵਲੋਂ ਗੈਰਕੁਦਰਤੀ ਅਦਾਕਾਰੀ ਕੀਤੀ ਜਾਂਦੀ ਹੈ। ਨੰਬਰ ਲੈਣੇ ਹਨ, ਇਸ ਲਈ ਅਜਿਹੀਆਂ ਕੰਪੋਜ਼ੀਸ਼ਨ ਬਣਾਈਆਂ ਜਾਣ ਜਿਨ੍ਹਾਂ ਦਾ ਨਾਟਕ ਨਾਲ ਕੋਈ ਸਬੰਧ ਹੋਵੇ ਜਾਂ ਨਾ ਹੋਵੇ, ਪਰ ਚਮਤਕਾਰ ਜ਼ਰੂਰ ਸਿਰਜਿਆ ਜਾ ਸਕੇ। ਕਾਲਜਾਂ ਦੇ ਚੁਸਤ ਅਦਾਕਾਰ ਇਹ ਕਰ ਵੀ ਸਕਦੇ ਹਨ। ਇਸ ਸਾਰੇ ਰੁਝਾਣ ਦਾ ਨਤੀਜਾ ਇਹ ਹੈ ਕਿ ਇਹ ਨਾਟਕ ਜਾਂ ਤਾਂ ਜ਼ਿੰਦਗੀ ਦੇ ਯਥਾਰਥ ਤੋਂ ਦੂਰ ਹੋ ਰਹੇ ਹਨ ਜਾਂ ਜੇ ਇਹ ਯਥਾਰਥ ਪੇਸ਼ ਵੀ ਕਰਦੇ ਹਨ ਤਾਂ ਜਾਣ-ਬੁਝ ਕੇ ਉਸ ਨੂੰ ਵਿੰਗੇ ਟੇਢੇ ਰੂਪ ਵਿਚ ਪੇਸ਼ ਕਰਦੇ ਹਨ। ਯੁਵਕ ਮੇਲਿਆਂ ਦਾ ਪੰਜਾਬੀ ਨਾਟਕ ਦੇ ਵਿਕਾਸ ਵਿਚ ਬੜਾ [illegible] ਹਿੱਸਾ ਹੈ। ਪਰ ਨਾਟਕ ਦੇ ਜਿਹੜੇ ਹੁਣ ਰੂਪ ਉਭਰ ਰਹੇ ਹਨ, ਉਨ੍ਹਾਂ ਰਾਹੀਂ ਜਾਣ ਬੁੱਝ ਕੇ ਨਾਟਕ ਨੂੰ ਗੈਰ-ਯਥਾਰਥਕ ਬਣਾਇਆ ਜਾ ਰਿਹਾ ਹੈ। ਇਸ ਬਾਰੇ ਫ਼ਿਕਰ ਵੀ ਹੋਣਾ ਚਾਹੀਦਾ ਹੈ ਅਤੇ ਖਬਰਦਾਰੀ ਵੀ ਕਰਨੀ ਜ਼ਰੂਰੀ ਹੈ।

ਅੱਜ ਨਾਟਕ ਕਲਾ ਅੱਗੇ ਚੁਣੌਤੀਆਂ ਹਨ, ਵਿਸ਼ੇਸ਼ ਕਰਕੇ ਨੌਜਵਾਨ ਰੰਗਕਰਮੀਆਂ ਨੂੰ ਬੜੀ ਸੋਚ ਅਤੇ ਸੂਝ ਨਾਲ ਨਾਟਕ ਦੇ ਰੂਪ ਅਤੇ ਵਿਸ਼ਿਆਂ ਦੀ ਚੋਣ ਕਰਨੀ ਪਵੇਗੀ। ਸਿਆਣੇ ਨਿਰਦੇਸ਼ਕ ਉਹੀ ਹੋਣਗੇ, ਜੋ ਬੇਲੋੜੀ ਚਮਤਕਾਰੀ ਦੇ ਚੱਕਰ ਵਿਚ ਪੈ ਕੇ ਨਾਟਕ ਦੀ ਰੂਹ ਨੂੰ ਨੁਕਸਾਨ ਨਹੀਂ ਪੁਚਾਣਗੇ। ਲੋਕਾਂ ਨਾਲ ਜੁੜ ਕੇ ਰਹਿਣਾ ਬਹੁਤ ਜ਼ਰੂਰੀ ਹੈ। ਨਾਟਕ ਦੇ ਵਿਸ਼ੇ ਉਨ੍ਹਾਂ ਦੇ ਹਾਣ ਦੇ ਹੋਣੇ ਲੋੜੀਂਦੇ ਹਨ। ਮੈਂ 42 ਸਾਲ ਪਹਿਲੇ ਜਦੋਂ ਨਾਟਕ ਖੇਤਰ ਵਿਚ ਆਇਆ ਸਾਂ ਤਾਂ ਨਾਟਕ ਦੀ ਸਿਖਲਾਈ ਦੀ ਕੋਈ ਸਹੂਲਤ ਪ੍ਰਾਪਤ ਨਹੀਂ ਸੀ ਪਰ ਹੁਣ ਇਹ ਸਹੂਲਤ ਹੈ। ਬੜੇ ਪ੍ਰਤਿਭਾਸ਼ਾਲੀ ਨੌਜਵਾਨ ਹੁਣ ਇਸ ਖੇ[illegible] ਵਿਚ ਹਨ। ਉਨ੍ਹਾਂ ਦੀ ਨਾਟਕ-ਕਲਾ ਵੱਲ ਪ੍ਰਤੀਬੱਧਤਾ ਹੈ। ਇਹ ਇਕ ਸ਼ੁਭ ਗੱਲ ਹੈ। ਪਰ ਇਸ ਪ੍ਰਤੀਬੱਧਤਾ ਵਿਚ ਉਨ੍ਹਾਂ ਨੂੰ ਇਹ ਕਦੀ ਵੀ ਨਹੀਂ ਭੁੱਲਣਾ ਚਾਹੀਦਾ ਕਿ ਉਨ੍ਹਾਂ ਦੀ ਕਲਾ ਦੀ ਵੱਡੀ ਪ੍ਰਤੀਬੱਧਤਾ ਲੋਕਾਂ ਵੱਲ ਹੈ। ਪੰਜਾਬੀ ਨਾਟਕ ਦੇ ਵਿਕਾਸ ਲਈ ਇਹ ਪ੍ਰਤੀਬੱਧਤਾ ਵੱਡੀ ਲੋੜ ਹੈ।